ਮੁਖਵਾਕ ਨੰਬਰ ੮੭ [ਆਦਿ ਅੰਗ ੬੬੯]

***ਧਨਾਸਰੀ ਮਹਲਾ ੪ ॥ ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥ ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥ ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥ ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ ॥ ਰਹਾਉ ॥ ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ ਵਡਭਾਗੀ ਹਰਿ ਜਪਨਾ ॥ ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ ਜਪਿ ਹਰਿ ਭਵਜਲੁ ਤਰਨਾ ॥੨॥੬॥੧੨॥***

## ਧਨਾਸਰੀ ਮਹਲਾ ੪ ॥

ਇਹ ਮੁਖਵਾਕ ਗੁਰੂ ਰਾਮਦਾਸ ਮਹਾਰਾਜ ਜੀ ਦੀ ਰਸਨਾਂ ਤੋਂ ਉਚਾਰਨ ਕੀਤਾ ਹੋਇਆ ਹੈ। ਜਿਸ ਵਿੱਚ ਨਾਮ ਦੀਆਂ ਬਰਕਤਾਂ ਔਰ ਪ੍ਰਮਾਤਮਾਂ ਦੀ ਸਰਬਗਤਾ ਤੇ ਉਸ ਦੀਆਂ ਮਹਾਨ ਦਾਤਾਂ ਜੋ ਕੀਮਤੀ ਗਿਣੀਆਂ ਗਈਆਂ ਹਨ ਕਾਮਧੇਨ ਕਲਪਤਰ ਆਦਿ ਉਸ ਦੇ ਹੁਕਮ ਵਿੱਚ ਹਨ। ਇਸ ਸ਼ਬਦ ਦੀ ਪਹਿਲੀ ਤੁਕ ਵਿੱਚ ਹੀ ਐਸੇ ਦਾਤੇ ਦਾ ਵਰਣਨ ਕੀਤਾ ਹੈ।

## ਇਛਾ ਪੂਰਕੁ ਸਰਬ ਸੁਖਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ ॥

ਹਰਿ=ਵਾਹਿਗੁਰੂ ਅਪਣੇ ਪਿਆਰਿਆਂ ਦੀ ਇੱਛਾ ਦੇ ਪੂਰਨ ਕਰਨ ਵਾਲਾ ਹੈ। ਸਾਰਿਆਂ ਸੁਖਾਂ ਦੇ ਦੇਣ ਵਾਲਾ ਦਾਤਾ ਹੈ। ਜਿਸ ਦੇ ਵਸਿ=ਅਧੀਨ ਕਾਮਣਾ ਪੂਰੀ ਕਰਨ ਵਾਲੀ ਧੇਨਾ=ਗਊ ਜੋ ਸਵਰਗ ਦੀ ਵਸਤੂ ਹੈ। ਐਸੀਆਂ ਸੁਖ ਦੇ ਦੇਣ ਵਾਲੀਆਂ ਵਸਤੂਆਂ ਉਸ ਪ੍ਰਮੇਸ਼ਰ ਦੇ ਅਧੀਨ ਹੈ=ਹਨ। ਕਾਮਧੇਨ=੧ ਪੁਰਾਣਕ ਕਥਾ ਹੈ ਕਿ ਦੇਵਤਿਆਂ ਤੇ ਦੈਂਤਾਂ ਰਲ ਕੇ ਖੀਰ ਸਾਗਰ ਨੂੰ ਰਿੜਕਿਆ ਤਾਂ ਵਿਚੋਂ ਚੌਦਾਂ ਰਤਨ ਨਿਕਲੇ। ਇਹਨਾਂ ਚੌਦਾਂ ਵਿੱਚ ਇਕ ਰਤਨ ਕਾਮਧੇਨ ਗਊ ਸੀ ਜੋ ਇੰਦ੍ਰ ਨੂੰ ਮਿਲੀ। ਹੁਣ ਕਾਮਧੇਨ ਸੁਰਗ ਵਿੱਚ ਇੰਦ੍ਰ ਪਾਸ ਰਹਿੰਦੀ ਹੈ। ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਕੋਲ ਜਾ ਕੇ ਜੋ ਮਨੋਂ ਕਾਮਨਾ ਕਰੀਏ ਉਹ ਪੂਰੀ ਹੋ ਜਾਂਦੀ ਹੈ।

੨. ਬ੍ਰਹਮ ਵੈਵਰਤ ਪੁਰਾਣ ਦੇ ਲਿਖਣ ਅਨੁਸਾਰ ਕਪਲਾ ਗਊ ਵਿਸ਼ਨੂੰ ਨੇ ਬ੍ਰਹਮਾ ਨੂੰ ਦਿੱਤੀ। ਬ੍ਰਹਮਾ ਜੀ ਤੋਂ ਭ੍ਰਿਗੂ ਰਿਸ਼ੀ ਲੈ ਗਿਆ, ਇਸ ਤੋਂ ਅੱਗੋਂ ਜਮਦੱਗਨ ਰਿਸ਼ੀ ਨੂੰ ਮਿਲੀ। ਜਦ ਜਮਦਗਨ ਰਿਸ਼ੀ ਕਾਰਤਵਿਰਯ [ਸਹੰਸਰ ਬਾਹੂ] ਹੱਥੋਂ ਮਾਰਿਆ ਗਿਆ ਤਾਂ ਇਹ ਕਾਮਧੇਨ ਫਿਰ ਬ੍ਰਹਮ ਲੋਕ ਨੂੰ ਚਲੀ ਗਈ। ਮਨੋਕਾਮਨਾਂ ਪੂਰੀਆਂ ਕਰਨ ਦਾ ਗੁਣ ਹੋਣ ਕਰਕੇ ਕਈ ਰਿਸ਼ੀ ਇਸ ਦੀ ਪ੍ਰਾਪਤੀ ਲਈ ਤਪ ਸਾਧਨਾ ਕਰਦੇ ਰਹੇ ਹਨ। ਗੁਰਬਾਣੀ ਵਿੱਚ ਪ੍ਰਮੇਸ਼ਰ ਨੂੰ ਹੀ ਸਰਬ ਇੱਛਾ ਪੂਰਕ ਕਹਿ ਕੇ ਕਾਮਧੇਨ ਦੇ ਅਲੰਕਾਰ ਨਾਲ ਵਰਣਨ ਕੀਤਾ ਹੈ।

ਯਥਾ— **੧. ਪਾਰਜਾਤੁ ਇਹੁ ਹਰਿ ਕੋ ਨਾਮ ॥ ਕਾਮਧੇਨ ਹਰਿ ਹਰਿ ਗੁਣ ਗਾਮ ॥**

[ਗਉੜੀ ਸੁਖਮਨੀ ਮ: ੫, ਅੰਗ ੨੬੫]

**੨. ਪਾਰਜਾਤੁ ਲੋੜਹਿ ਮਨ ਪਿਆਰੇ ॥ ਕਾਮਧੇਨੁ ਸੋਹੀ ਦਰਬਾਰੇ ॥**

[ਮਾਰੂ ਮ: ੫, ਅੰਗ ੧੦੭੮]

**੩. ਅਨਿਕ ਬਸੁਧਾ ਅਨਿਕ ਕਾਮਧੇਨੁ ॥ ਅਨਿਕ ਪਾਰਜਾਤ ਅਨਿਕ ਮੁਖਿ ਬੇਨ ॥**

[ਸਾਰਗ ਮ: ੫, ਅੰਗ ੧੨੩੬]

ਜਿਵੇਂ ਕਾਮਧੇਨ ਆਦਿਕ ਉਸ ਦੇ ਅਧੀਨ ਹਨ ਸਾਰੇ ਸੰਸਾਰ ਦੇ ਜੀਵਾਂ ਦੀ ਇੱਛਾ ਪੂਰੀ ਕਰਨ ਦੀ ਸਮਰੱਥਾ, ਸ਼ਕਤੀ ਵੀ ਉਸ ਦੇ ਅਧੀਨ ਹੈ ਜਿਸ ਦੀ ਜਦੋਂ ਚਾਹੇ ਉਦੋਂ ਇੱਛਾ ਪੂਰੀ ਕਰ ਸਕਦਾ ਹੈ।

ਯਥਾ— **ਇਛਾ ਮਨ ਕੀ ਪੂਰੀਐ ਜਪੀਐ ਸੁਖ ਸਾਗਰੁ ॥** [ਕਾਨੜੇ ਕੀ ਵਾਰ ਮ: ੪, ਅੰਗ ੧੩੧੮]

PDF created with pdfFactory Pro trial version www.pdffactory.com

ਉਸ ਵਾਹਿਗੁਰੂ ਪ੍ਰਮੇਸ਼ਰ ਜੈਸੀ ਕਿਸੇ ਨੂੰ ਭੁੱਖ ਹੈ ਉਸ ਦੀ ਪੂਰਤੀ ਕਰਨ ਵਾਲਾ ਹੈ।

ਯਥਾ— **੧. ਜੈਸੀ ਭੁਖ ਤੈਸੀ ਕਾ ਪੂਰਕੁ ਸਗਲ ਘਟਾ ਕਾ ਸੁਆਮੀ ॥** [ਸੋਰਠਿ ਮਃ ੫, ਅੰਗ ੬੧੩]

**੨. ਨਉ ਨਿਧਿ ਤੇਰੈ ਸਗਲ ਨਿਧਾਨ ॥ ਇਛਾ ਪੂਰਕੁ ਰਖੈ ਨਿਦਾਨ ॥** [ਆਸਾ ਮਃ ੫, ਅੰਗ ੩੭੬]

## *ਸੋ ਐਸਾ ਹਰਿ ਧਿਆਈਐ ਮੇਰੇ ਜੀਅੜੇ ਤਾ ਸਰਬ ਸੁਖ ਪਾਵਹਿ ਮੇਰੇ ਮਨਾ ॥੧॥*

ਸੋ=ਉਹ ਐਸਾ=ਇਹੋ ਜਿਹਾ, ਹਰਿ=ਵਾਹਿਗੁਰੂ ਹੈ ਹੇ ਮੇਰੇ ਜੀਅੜੇ=ਜੀਵ ਆਤਮਾ ਐਸੇ ਵਾਹਿਗੁਰੂ ਨੂੰ ਧਿਆਈਐ=ਧਿਆਉਣਾ ਕਰ। ਹੇ ਮਨਾਂ ਤਾਂ ਸਰਬ=ਸਾਰੇ ਸੁਖਾਂ ਨੂੰ ਪਾਵਹਿ=ਪ੍ਰਾਪਤ ਕਰ ਲਵੇਂਗਾ। ਇਹਨਾਂ ਦੋ ਤੁਕਾਂ ਵਿੱਚ ਜੋ ਸਤਿਗੁਰੂ ਜੀ ਨੇ ਨਾਮ ਜਪਣ ਵਾਲੇ ਸੱਤ ਪੁਰਸ਼ਾਂ ਦੀ ਇੱਛਾ ਪੂਰਨ ਕਰਨ ਵਾਲਾ ਵਾਹਿਗੁਰੂ ਦਰਸਾਇਆ ਹੈ। ਧਾਰਮਿਕ ਗ੍ਰੰਥਾਂ ਵਿੱਚ ਅਨੇਕਾਂ ਹੋਰ ਵੀ ਪ੍ਰਮਾਣ ਲਿਖੇ ਹੋਏ ਪ੍ਰਾਪਤ ਹੁੰਦੇ ਹਨ। ਜੈਸਾ ਕਿ ਧਰੂ ਭਗਤ ਦੀ ਗੱਲ ਪੂਰੇ ਸੰਸਾਰ ਵਿੱਚ ਜਾਣੀ ਗਈ ਹੈ। ਉਤਾਨਪਾਦ ਰਾਜੇ ਦੀਆਂ ਦੋ ਰਾਣੀਆਂ ਸੁਨੀਤੀ ਤੇ ਸੁਰੀਚੀ ਸਨ, ਸੁਨੀਤੀ ਤੋਂ ਧਰੂ ਅਤੇ ਸੁਰੀਤੀ ਤੋਂ ਉਤਮ ਨਾਂ ਦਾ ਪੁੱਤਰ ਪੈਦਾ ਹੋਇਆ। ਸੁਨੀਤੀ ਸ਼ਾਂਤ ਸੁਭਾਅ ਪਤੀ ਭਗਤੀ ਵਾਲੀ ਧਰਮ ਵਿੱਚ ਰੁਚੀ ਰੱਖਣ ਵਾਲੀ ਪਤੀ ਬਰਤਾ ਇਸਤਰੀ ਸੀ ਜਦੋਂ ਕਿ ਸੁਰੀਚੀ ਚੰਚਲ, ਈਰਖਾਲੂ, ਕਾਮਵਾਸ਼ਨਾਂ ਤੇ ਭੈੜੇ ਸੁਭਾਅ ਵਾਲੀ ਔਰਤ ਸੀ; ਆਪਣੇ ਚੁਸਤ ਚਲਾਕ ਸਭਾ ਦੁਆਰਾ ਅਪਣੇ ਹਾਵ-ਭਾਵ ਦਿਖਾ ਕੇ ਰਾਜੇ ਨੂੰ ਆਪਣੇ ਅਧੀਨ ਕਰ ਲਿਆ ਸੀ ਅਤੇ ਵੱਡੀ ਰਾਣੀ ਸੁਣੀਤੀ ਦੀ ਹਾਲਤ ਗੋਲੀਆਂ ਵਰਗੀ ਕਰ ਦਿੱਤੀ ਉਸ ਦਾ ਪਟਰਾਣੀ ਵਾਲਾ ਅਧਿਕਾਰ ਆਪ ਛੀਣ ਲਿਆ। ਇਕ ਦਿਨ ਧਰੂ ਆਪਣੇ ਬਾਲਕ ਸੁਭਾਅ ਅਨੁਸਾਰ ਪਿਤਾ ਦੀ ਗੋਦ ਵਿੱਚ ਜਾ ਬੈਠਾ ਜਿਸਨੂੰ ਦੇਖ ਕੇ ਸੁਰੀਚੀ ਸੜ ਬਲ ਕੇ ਕੋਲਾ ਹੋ ਗਈ। ਆਪਣੇ ਸੱਜੇ ਹੱਥ ਨਾਲ ਖੱਬੇ ਪਾਸੇ ਮੂੰਹ ਦੇ ਉਤੇ ਤੇ ਖੱਬੇ ਹੱਥ ਨਾਲ ਸੱਜੇ ਪਾਸੇ ਮੂੰਹ ਤੇ ਚਪੇੜਾਂ ਮਾਰੀਆਂ। ਔਰ ਧਰੂ ਨੂੰ ਧੂਹ ਕੇ ਗੋਦ ਵਿਚੋਂ ਨਫਰਤ ਨਾਲ ਬਾਹਰ ਕੱਢ ਕੇ ਈਰਖਾ ਭਰੇ ਵਚਨਾਂ ਨਾਲ ਕਿਹਾ ਗੋਦ ਵਿੱਚ ਬੈਠਣ ਦਾ ਬਹੁਤ ਹੀ ਸ਼ੋਕ ਸੀ ਤਾਂ ਮੇਰੀ ਕੁੱਖ ਤੋਂ ਜਨਮ ਕਿਉਂ ਨਹੀਂ ਲਿਆ ! ਅੱਜ ਗੋਦ ਵਿਚ ਬੈਠਣ ਦੀ ਇੱਛਾ ਕਰਦਾ ਹੈਂ ਕੱਲ੍ਹ ਨੂੰ ਸਿੰਘਾਸਣ ਤੇ ਬੈਠਣ ਦੀ ਇੱਛਾ ਕਰੇਂਗਾ। ਇਸ ਸਿੰਘਾਸਣ ਤੇ ਗੋਦ ਵਿਚ ਬੈਠਣ ਦਾ ਅਧਿਕਾਰੀ ਮੇਰਾ ਪੁੱਤਰ ਉਤਮ ਹੀ ਹੈ। ਧਰੂ ਨੂੰ ਮਾਰੀਆਂ ਹੋਈਆਂ ਮਾਂ ਦੀਆਂ ਚਪੇੜਾਂ ਨਾਲੋਂ ਵਧੇਰੇ ਪੀੜਾ ਮਤਰੇਈ ਮਾਂ ਦੇ ਸ਼ਬਦਾਂ ਦੀ ਹੋਣ ਲੱਗੀ, ਜਸਮਾਨੀ ਪੀੜਾਂ ਤਾਂ ਧਰੂ ਸਹਿਣ ਕਰ ਗਿਆ ਸੀ ਪਰ ਮਾਨਸਿਕ ਪੀੜਾਂ ਤੋਂ ਦੁਖੀ ਹੋ ਕੇ ਆਪਣੀ ਮਾਂ ਸੁਣੀਤੀ ਨੂੰ ਕਹਿਣ ਲੱਗਾ ਕਿ ਮਾਤਾ ਤੂੰ ਮੇਰੇ ਪਿਤਾ ਦੀ ਦਾਸੀ ਹੈਂ ਜਾਂ ਰਾਣੀ ? ਧਰੂ ਦੀ ਮਾਤਾ ਨੇ ਬੜੇ ਗੌਰਵ ਨਾਲ ਕਿਹਾ ਮੈਂ ਕੇਵਲ ਇਕ ਰਾਜੇ ਦੀ ਰਾਣੀ ਹੀ ਨਹੀਂ ਹਾਂ ਜੰਮੀ ਵੀ ਰਾਜ ਘਰਾਣੇ ਵਿਚ ਹਾਂ ਮੇਰੇ ਪਿਤਾ ਤੇਰੇ ਨਾਨਾ ਜੀ ਵੀ ਇਕ ਬਾਦਸ਼ਾਹ ਹਨ, ਧਰੂ ਨੇ ਫੇਰ ਸੁਆਲ ਕੀਤਾ ਕਿ ਮਾਤਾ ਮੇਰੀ ਔਰ ਤੇਰੀ ਐਸੀ ਦੁਰਦਸ਼ਾ ਕਿਉਂ ਹੈ ਮਾਤਾ ਨੇ ਉੱਤਰ ਦਿੱਤਾ ਕਿ ਨਾਮ ਤੇ ਭਗਤੀ ਦੀ ਕਮਾਈ ਤੋਂ ਵਾਂਝੇ ਹਾਂ। ਧਰੂ ਨੇ ਪੁੱਛਿਆ ਕਿ ਕੋਈ ਐਸਾ ਉਪਾਅ ਦਸੋ ਕਿ ਜਿਸ ਰਾਜ ਦਰਬਾਰ ਵਿਚ ਮੇਰਾ ਨਿਰਾਦਰ ਹੋਇਆ ਹੈ ਉਹ ਰਾਜ ਕਿਵੇਂ ਪ੍ਰਾਪਤ ਹੋਵੇ ਜੋ ਮੇਰੀ ਮਤਰੇਈ ਮਾਂ ਸ਼ਤਰੂ ਬਣੀ ਹੈ ਉਹ ਮੈਨੂੰ ਆਪਣੇ ਪੁੱਤਰ ਦੀ ਤਰ੍ਹਾਂ ਪਿਆਰ ਕਰਨ ਵਾਲੀ ਹੋ ਜਾਵੇ। ਮਾਂ ਦੇ ਦੱਸੇ ਹੋਏ ਤਰੀਕੇ ਅਨੁਸਾਰ ਧਰੂ ਰਾਜ ਮਹਿਲ ਤਿਆਗ ਕੇ ਗੂੜ੍ਹੇ ਜੰਗਲ ਵਿਚ ਇਕ ਰਸ ਭਗਤੀ ਕਰਨ ਲੱਗਾ। ਰਸਤੇ ਵਿਚ ਨਾਰਦ ਜੀ ਮਿਲੇ ਉਹਨਾਂ ਨੂੰ ਗੁਰੂ ਧਾਰਣ ਕਰਕੇ ਗੁਰਮੰਤਰ ਲੈ ਕੇ ਨਾਮ ਦੀ ਕਮਾਈ ਕਰਨ ਲੱਗਾ। ਨਾਰਦ ਨੇ ਆ ਕੇ ਉਤਾਨਪਾਦ ਰਾਜੇ ਨੂੰ ਲਾਹਨਤਾਂ ਪਾਈਆਂ। ਨਾਰਦ ਦੇ ਕਹਿਣ ਤੋਂ ਆਪਣੇ ਪੁੱਤਰ ਨੂੰ ਮੋੜਨ ਗਿਆ, ਕਿਹਾ ਬੇਟਾ ਵਾਪਸ ਆ ਜਾਉ ਜਦੋਂ ਧਰੂ ਨੇ ਆਪਣੇ ਦ੍ਰਿੜ੍ਹ ਇਰਾਦੇ ਦਾ ਭਾਵ ਪ੍ਰਗਟ ਕੀਤਾ ਤਾਂ ਰਾਜੇ ਨੇ ਅੱਧੇ ਰਾਜ ਦਾ ਲੋਭ ਦੇ ਕੇ ਆਪ ਲੋਕਾਂ ਦੇ ਅਪਜਸ ਤੋਂ ਬਚਨ ਵਾਸਤੇ ਕਿਹਾ ਕਿ ਅੱਧਾ ਰਾਜ ਮੈਂ ਤੈਨੂੰ ਹੀ ਦੇਣ ਵਾਸਤੇ

PDF created with pdfFactory Pro trial version www.pdffactory.com

ਤਿਆਰ ਹਾਂ ਜੋ ਤੇਰਾ ਹੱਕ ਹੈ। ਭਾਵੇਂ ਸਾਰੇ ਰਾਜ ਦਾ ਹੱਕ ਧਰੂ ਦਾ ਸੀ ਪਰ ਬਾਅਦ ਵਿਚ ਅੱਧਾ ਰਾਜ ਉਤਮ ਲਈ ਰੱਖ ਕੇ ਸੁਰੀਚੀ ਨੂੰ ਵੀ ਖੁਸ਼ ਰੱਖਣਾ ਚਾਹੁੰਦਾ ਸੀ। ਪਰ ਵੱਡੇ ਹੋਣ ਕਰਕੇ ਸਾਰੇ ਰਾਜ ਦਾ ਮਾਲਕ ਧਰੂ ਹੀ ਸੀ। ਜਦੋਂ ਧਰੂ ਨੇ ਪਿਤਾ ਦਾ ਇਹ ਵਚਨ ਸੁਣਿਆ ਤਾਂ ਪ੍ਰਮਾਤਮਾ ਦੀ ਪ੍ਰਾਪਤੀ ਵਿਚ ਇਰਾਦਾ ਹੋਰ ਦ੍ਰਿੜ ਹੋ ਗਿਆ, ਸੋਚਿਆ ਕਿ ਅਜੇ ਮੈਂ ਭਗਤੀ ਤੇ ਤੁਰਿਆ ਹੀ ਹਾਂ ਕਿ ਅੱਧਾ ਰਾਜ ਅੱਜ ਹੀ ਮਿਲ ਰਿਹਾ ਹੈ। ਜਦੋਂ ਦੂਸਰੀ ਵਾਰ ਰਾਜੇ ਨੇ ਸਾਰਾ ਰਾਜ ਦੇਣ ਲਈ ਕਿਹਾ ਧਰੂ ਨੇ ਰਾਜ ਨਾਲੋਂ ਭਗਤੀ ਨੂੰ ਮੁੱਖ ਰੱਖਿਆ, ਕਿਉਂਕਿ ਉਸਨੇ ਮਨ ਵਿਚ ਸੋਚਿਆ ਕਿ ਜਿਸ ਰਾਜ ਵਿਚ ਮੈਨੂੰ ਚਪੇੜਾਂ ਪੈਂਦੀਆਂ ਸਨ ਅੱਜ ਉਹ ਸਾਰਾ ਹੀ ਰਾਜ ਮਿਲ ਰਿਹਾ ਹੈ ਇਹ ਰਾਜ ਨਾਸ਼ਵਾਨ ਹੈ ਕਿਉਂ ਨਾ ਭਗਤੀ ਕਰਕੇ ਅਬਿਨਾਸੀ ਰਾਜ ਲਵਾਂ! ਜਦੋਂ ਘੋਰ ਤਪੱਸਿਆ ਕਰਕੇ ਪ੍ਰਮਾਤਮਾ ਦੀ ਪ੍ਰਾਪਤੀ ਹੋਈ। ਪ੍ਰਮਾਤਮਾ ਨੇ ਰਾਜ ਦੀ ਇੱਛਾ ਪੂਰੀ ਕਰਨ ਵਾਸਤੇ ਕਿਹਾ ਮੈਂ ਤੈਨੂੰ ਰਾਜ ਦੀ ਬਖਸ਼ਿਸ਼ ਕਰਦਾ ਹਾਂ ਧਰੂ ਨੇ ਕਿਹਾ ਇਸ ਨਾਸ਼ਵਾਨ ਰਾਜ ਦੀ ਮੈਨੂੰ ਇੱਛਾ ਨਹੀਂ ਰਹੀ ਰਾਜ ਦੇਣਾ ਹੈ ਤਾਂ ਅਬਿਨਾਸੀ ਦਿਉ ਤਾਂ ਪ੍ਰਮਾਤਮਾ ਨੇ ਵਰ ਦਿੱਤਾ ਕਿ ੩੬ ਹਜ਼ਾਰ ਵਰਸ਼ ਪ੍ਰਿਥਵੀ ਦਾ ਰਾਜ ਕਰਕੇ ਅਟੱਲ ਪਦਵੀ ਨਾ ਟਲਣ ਵਾਲੀ ਪ੍ਰਾਪਤ ਹੋਵੇਗੀ ਸਾਰਾ ਤਾਰਾ ਮੰਡਲ ਤੇਰੀ ਪ੍ਰਕਰਮਾ ਕਰੇਗਾ ਤੇ ਤੇਰੀ ਪੁਰੀ ਅਟੱਲ ਰਹੇਗੀ। ਪ੍ਰਮਾਤਮਾ ਨੇ ਕਿਹਾ ਕਿ ਤੇਰਾ ਦੂਸਰਾ ਭਰਾ ਰਾਖਸ਼ਾਂ ਨੇ ਮਾਰ ਦਿੱਤਾ ਹੈ ਆਪਣੇ ਮਾਤਾ ਪਿਤਾ ਨੂੰ ਸੁਖੀ ਕਰੋ ਤੇ ਰਾਜ ਕਰੋ, ਰਾਜ ਮਹਿਲਾਂ ਵਿਚ ਆ ਕੇ ਮਤਰੇਈ ਮਾਂ ਨੂੰ ਮੱਥਾ ਟੇਕਿਆ ਕਿ ਤੇਰੀ ਕਿਰਪਾ ਨਾਲ ਮੈਨੂੰ ਪ੍ਰਮਾਤਮਾ ਦੀ ਪ੍ਰਾਪਤੀ ਹੋਈ ਹੈ ਆਪਣੇ ਨਿਮਰਤਾ ਔਰ ਪਿਆਰ ਦੀ ਸ਼ਕਤੀ ਨਾਲ ਮਤਰੇਈ ਮਾਂ ਦਾ ਸੁਭਾਅ ਵੀ ਬਦਲ ਦਿੱਤਾ ਇਸ ਵਾਰਤਾ ਨੂੰ ਗੁਰਬਾਣੀ ਵਿਚ ਇਸ ਤਰ੍ਹਾਂ ਕਥਨ ਕੀਤਾ ਹੈ।

ਯਥਾ— **੧. ਰਾਮ ਜਪਉ ਜੀਅ ਐਸੇ ਐਸੇ ॥ ਧ੍ਰੂ ਪ੍ਰਹਿਲਾਦ ਜਪਿਓ ਹਰਿ ਜੈਸੇ ॥**

[ਗਉੜੀ ਕਬੀਰ ਜੀ, ਅੰਗ ੩੩੭]

**੨. ਅਟਲ ਭਇਓ ਧ੍ਰੂਅ ਜਾ ਕੈ ਸਿਮਰਨਿ ਅਰੁ ਨਿਰਭੈ ਪਦੁ ਪਾਇਆ ॥**

[ਸੋਰਠਿ ਮਃ ੯ ਅੰਗ ੬੩੨]

ਤੇ ਭਾਈ ਗੁਰਦਾਸ ਜੀ ਵੀ ਇਸ ਵਾਰਤਾ ਨੂੰ ਇਸ ਤਰ੍ਹਾਂ ਕਥਨ ਕਰਦੇ ਹਨ।

**ਧ੍ਰੂ ਹਸਦਾ ਘਰਿ ਆਇਆ ਕਰਿ ਪਿਆਰੁ ਪਿਉ ਕੁਛੜਿ ਲੀਤਾ।**
**ਬਾਹਹੁ ਪਕੜਿ ਉਠਾਲਿਆ ਮਨ ਵਿਚਿ ਰੋਸੁ ਮਤ੍ਰੇਈ ਕੀਤਾ।**
**ਡੁਡਹੁਲਿਕਾ ਮਾਂ ਪੁਛੈ ਤੂੰ ਸਾਵਾਣੀ ਹੈ ਕਿ ਸੁਰੀਤਾ।**
**ਸਾਵਾਣੀ ਹਾਂ ਜਨਮ ਦੀ ਨਾਮੁ ਨ ਭਗਤੀ ਕਰਮਿ ਦ੍ਰਿੜ੍ਹਤਾ।**
**ਕਿਸੁ ਉਦਮ ਤੇ ਰਾਜੁ ਮਿਲਿ ਸਤ੍ਰੂ ਤੇ ਸਭਿ ਹੋਵਨਿ ਮੀਤਾ।**
**ਪਰਮੇਸਰੁ ਆਰਾਧੀਐ, ਜਿਦੂ ਹੋਈਐ ਪਤਿਤ ਪੁਨੀਤਾ।**
**ਬਾਹਰਿ ਚਲਿਆ ਕਰਣਿ ਤਪੁ ਮਨ ਬੈਰਾਗੀ ਹੋਇ ਅਤੀਤਾ।**
**ਨਾਰਦ ਮੁਨਿ ਉਪਦੇਸਿਆ ਨਾਉ ਨਿਧਾਨੁ ਅਮਿਓ ਰਸੁ ਪੀਤਾ।**
**ਪਿਛਹੁ ਰਾਜੇ ਸਦਿਆ ਅਬਿਚਲੁ ਰਾਜੁ ਕਰਹੁ ਨਿਤ ਨੀਤਾ।**
**ਹਾਰਿ ਚਲੇ ਗੁਰਮੁਖਿ ਜਗ ਜੀਤਾ ॥੧॥**

## *ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥*

ਹੇ ਮਨ! ਸਤਿਨਾਮੁ ਮੰਤ੍ਰ ਨੂੰ ਜਪਣਾ ਕਰ, ਅਥਵਾ ਸਤਿਨਾਮੁ ਦੇ ਜਾਪ ਨੂੰ ਜਪ ਔਰ ਇਸ ਜਾਪ ਨੂੰ ਸਦਾ ਜਪਣਾ ਕਰ। ਵਾ: ਮਨ ਕਰਕੇ ਸਤਿਨਾਮ ਦੇ ਜਾਪ ਨੂੰ ਜਪਣਾ ਕਰ। ਸਰੀਰ ਕਰਕੇ ਭਾਵ ਜਿਹਵਾ ਤੋਂ ਸਦਾ ਹੀ ਸਤਨਾਮ ਦਾ ਜਾਪ ਕਰਨਾ ਕਰ।

PDF created with pdfFactory Pro trial version www.pdffactory.com

ਯਥਾ— **੧. ਨਮਸਕਾਰੁ ਗੁਰਦੇਵ ਕੋ ਸਤਿ ਨਾਮੁ ਜਿਸੁ ਮੰਤ੍ਰ ਸੁਣਾਇਆ॥**
[ਭਾਈ ਗੁਰਦਾਸ ਪਹਿਲੀ ਵਾਰ, ਪਹਿਲੀ ਪਉੜੀ]

**੨. ਕਲਿਜੁਗੁ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥**
[ਭਾਈ ਗੁਰਦਾਸ ਵਾਰ ਪਹਿਲੀ]

**੩. ਸਤਿ ਉਪਦੇਸ ਸੰਤਨ ਕੋ ਦੀਨਾ ਸਤਿਨਾਮੁ ਨਿਰਬਾਨੇ॥**
**ਮਹਾਂ ਮੰਤ੍ਰ ਤਾਰਕ ਸਤਿਨਾਮਾ ਸੋ ਗੁਰੁ ਕੀਨੋ ਦਾਨੇ॥** [ਸਰਬ ਲੋਹ ਪ੍ਰਕਾਸ਼]

**੪. ਸਤਿ ਨਾਮੁ ਪ੍ਰਭ ਕਾ ਸੁਖਦਾਈ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ॥**
[ਗਉੜੀ ਮਃ ੫, ਅੰਗ ੨੮੪]

**੫. ਕਿਰਤਮ ਨਾਮ ਕਥੇ ਤੇਰੇ ਜਿਹਬਾ॥ ਸਤਿ ਨਾਮੁ ਤੇਰਾ ਪਰਾ ਪੂਰਬਲਾ॥**
[ਮਾਰੂ ਮਃ ੫, ਅੰਗ ੧੦੮੩]

## *ਹਲਤਿ ਪਲਤਿ ਮੁਖ ਊਜਲ ਹੋਈ ਹੈ*
## *ਨਿਤ ਧਿਆਈਐ ਹਰਿ ਪੁਰਖੁ ਨਿਰੰਜਨਾ॥ ਰਹਾਉ॥*

ਹਲਤਿ=ਲੋਕ, ਪਲਤਿ=ਪ੍ਰਲੋਕ ਹੇ ਜੀਵ! ਤੇਰਾ ਤਾਂ ਮੁਖ=ਮੂੰਹ ਊਜਲ=ਨਿਰਮਲ, ਵਾ ਊਜਲ=ਉਜਾਲੇ ਵਾਲਾ ਭਾਵ ਜਸ ਰੂਪ ਉਜਾਲੇ ਵਾਲਾ ਹੋਵੇਗਾ, ਕਦੋਂ ਹੋਵੇਗਾ? ਜਦੋਂ ਤੂੰ, ਨਿਰੰਜਨਾ=ਮਲ ਮਾਇਆ ਤੋਂ ਰਹਿਤ, ਪੁਰਖੁ=ਵਿਆਪਕ ਹਰਿ=ਪ੍ਰਮੇਸ਼ਰ ਨੂੰ ਨਿਤ=ਹਮੇਸ਼ਾ ਧਿਆਈਐ=ਧਿਆਉਣਾ ਕਰੇਂਗਾ।

## *ਜਹ ਹਰਿ ਸਿਮਰਨੁ ਭਇਆ ਤਹ ਉਪਾਧਿ ਗਤੁ ਕੀਨੀ*
## *ਵਡਭਾਗੀ ਹਰਿ ਜਪਨਾ॥*

ਜਹ=ਜਿਥੇ ਹਰਿ=ਵਾਹਿਗੁਰੂ ਦਾ ਸਿਮਰਨ ਭਇਆ=ਹੋਇਆ ਹੈ ਭਾਵ ਜਿਸ ਹਿਰਦੇ ਵਿਚ ਵਾਹਿਗੁਰੂ ਦਾ ਸਿਮਰਨ ਹੋਇਆ ਹੈ ਤਹ=ਉਥੇ ਸਾਰੀ ਉਪਾਧਿ=ਉਪਾਧੀ ਗਤੁ=ਨਾਸ;-ਕੀਨੀ=ਕਰ ਦਿੱਤੀ ਹੈ ਨਾਮ ਦਾ ਜਾਪ ਜਪਣਾ ਵੱਡੇ ਭਾਗਾਂ ਦੀ ਨਿਸ਼ਾਨੀ ਹੈ। ਵੱਡਿਆਂ ਭਾਗਾਂ ਵਾਲਿਆਂ ਨੇ ਹਰਿ=ਵਾਹਿਗੁਰੂ ਦੇ ਨਾਮ ਨੂੰ ਜਪਿਆ ਹੈ।

## *ਜਨ ਨਾਨਕ ਕਉ ਗੁਰਿ ਇਹ ਮਤਿ ਦੀਨੀ*
## *ਜਪਿ ਹਰਿ ਭਵਜਲੁ ਤਰਨਾ॥੨॥੬॥੧੨॥*

ਸਤਿਗੁਰੂ ਜੀ ਕਥਨ ਕਰਦੇ ਹਨ ਔਰ ਜਗਿਆਸੂ ਮੁਖ ਦੁਆਰਾ ਕਹਿ ਕੇ ਸਮਝਾਉਂਦੇ ਹਨ ਕਿ ਮੈਨੂੰ ਸੇਵਕ ਜਨ ਨੂੰ ਸਤਿਗੁਰਾਂ ਨੇ ਇਹ ਹੀ ਮਤਿ=ਸਿਖਿਆ ਦਿੱਤੀ ਹੈ ਕਿ ਹਰੀ ਪ੍ਰਮੇਸ਼ਰ ਦੇ ਨਾਮ ਜਪਣ ਤੋਂ ਹੀ ਭਵਜਲੁ=ਸੰਸਾਰ ਸਮੁੰਦਰ ਤੋਂ ਤਰਨਾ ਹੁੰਦਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com

ਮੁਖਵਾਕ ਨੰਬਰ ੮੮ [ਆਦਿ ਅੰਗ ੬੭੧]

***ਧਨਾਸਰੀ ਮਹਲਾ ੫ ॥ ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥ ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥੧॥ ਜੀਅ ਕੀ ਏਕੈ ਹੀ ਪਹਿ ਮਾਨੀ ॥ ਅਵਰਿ ਜਤਨ ਕਰਿ ਰਹੇ ਬਹੁਤੇਰੇ ਤਿਨ ਤਿਲੁ ਨਹੀ ਕੀਮਤਿ ਜਾਨੀ ॥ ਰਹਾਉ ॥ ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥ ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥ ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥ ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥ ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥ ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥੫॥***

## ਧਨਾਸਰੀ ਮਹਲਾ ੫ ॥

ਇਹ ਅੰਮ੍ਰਿਤ ਵਚਨ ਗੁਰੂ ਅਰਜਨ ਸਾਹਿਬ ਸ਼ਾਂਤ ਆਤਮਾ ਸਤਿਗੁਰੂ ਜੀ ਦਾ ਉਚਾਰਨ ਕੀਤਾ ਹੋਇਆ ਧਨਾਸਰੀ ਰਾਗਣੀ ਵਿਚ ਅੰਕਿਤ ਹੈ। ਜਿਸ ਵਿਚ ਤਨ ਮਨ ਧਨ ਸਭ ਪ੍ਰਮੇਸ਼ਰ ਦਾ ਹੈ, ਇਸ ਪ੍ਰਕਾਰ ਦੀ ਭਾਵਨਾ ਪ੍ਰਗਟ ਕੀਤੀ ਹੈ।

## ਜਿਸ ਕਾ ਤਨੁ ਮਨੁ ਧਨੁ ਸਭੁ ਤਿਸ ਕਾ ਸੋਈ ਸੁਘੜੁ ਸੁਜਾਨੀ ॥

ਜਿਸ ਵਾਹਿਗੁਰੂ ਦਾ ਤਨੁ=ਸਰੀਰ ਔਰ ਮਨ ਤੇ ਧਨ ਦਿੱਤਾ ਹੋਇਆ ਹੈ। ਸੋਈ=ਉਹੀ ਪ੍ਰਮੇਸ਼ਰ ਸੁਜਾਨੀ=ਸ੍ਰੇਸ਼ਟ ਜਾਣਕਾਰੀ ਵਾਲਾ ਸੁਘੜੁ=ਸ੍ਰੇਸ਼ਟ ਘਾੜਤ ਵਾਲਾ ਹੈ। ਇਸ ਤੁਕ ਵਿਚ ਹਉਮੈ ਨੂੰ ਤਿਆਗਣ ਦੀ ਸਫਲ ਜੁਗਤੀ ਪ੍ਰਦਾਨ ਕੀਤੀ ਹੈ। ਕਿਉਂਕਿ ਮਨੁੱਖ ਦੀ ਹਉਮੈ ਤਿੰਨ ਜਗ੍ਹਾਂ ਤੇ ਅਪਣਾ ਪੱਕਾ ਡੇਰਾ ਜਮਾਈ ਬੈਠੀ ਹੈ। ਇਸ ਨੂੰ ਤਿੰਨ ਹਿੱਸਿਆਂ ਵਿਚ ਇਉਂ ਵੰਡਿਆ ਹੈ। ਤਨ ਹੰਗਤਾ। ੨. ਮਨ ਹੰਗਤਾ। ੩. ਧਨ ਹੰਗਤਾ। ਇਨ੍ਹਾਂ ਤਿੰਨਾਂ ਨਾਲ ਮਿਲਕੇ ਹੰਗਤਾ ਇਹਨਾਂ ਤਿੰਨਾਂ ਨੂੰ ਆਪਣਾ ਰੂਪ ਬਣਾਈ ਬੈਠੀ ਹੈ। ਮਿਥਿਆ ਵਸਤੂ ਦਾ ਸਤ ਰੂਪ ਕਰਕੇ ਪ੍ਰਤੀਤ ਹੋਣਾ ਅਗਿਆਨ ਦਾ ਪ੍ਰਭਾਵ ਹੈ। ਗਿਆਨ ਦ੍ਰਿਸ਼ਟੀ ਦੁਆਰਾ ਵੇਖੀਏ ਤਾਂ ਇਹ ਤਿੰਨੇ ਮਿਥਿਆ ਪ੍ਰਤੀਤ ਹੋਣਗੀਆਂ ਤਨ, ਧਨ ਮਿਥਿਆ ਬਾਰੇ ਸਤਿਗੁਰੂ ਜੀ ਇਉਂ ਫਰਮਾਉਂਦੇ ਹਨ।

ਯਥਾ— **ਮਿਥਿਆ ਤਨੁ ਧਨੁ ਕੁੰਟਬੁ ਸਬਾਇਆ ॥ ਮਿਥਿਆ ਹਉਮੈ ਮਮਤਾ ਮਾਇਆ ॥**
**ਮਿਥਿਆ ਰਾਜ ਜੋਬਨ ਧਨ ਮਾਲ ॥ ਮਿਥਿਆ ਕਾਮ ਕ੍ਰੋਧ ਬਿਕਰਾਲ ॥**

[ਗਉੜੀ ਮਃ ੫, ਅੰਗ ੨੬੮]

ਮਿਥਿਆ ਪ੍ਰਤੀਤ ਕਰਾਉਣ ਦਾ ਭਾਵ ਹੰਗਤਾ ਨੂੰ ਮੇਟਣ ਲਈ ਹੈ, ਹੰਗਤਾ ਕੱਢਣ ਲਈ ਗੁਰਮਤਿ ਵਿਚ ਐਸੀ ਵਿਚਾਰ ਭੀ ਆਈ ਹੈ।

ਯਥਾ— **ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥**

[ਰਾਮਕਲੀ ਮਃ ੩, ਅੰਗ ੯੧੮]

ਇਹ ਸਭ ਸਿੱਖ ਦੇ ਅੰਦਰੋਂ ਹਉਮੈ ਮੇਟਣ ਲਈ ਕਿਹਾ ਹੈ ਕਿ ਤਨ ਮਨ ਧਨ ਗੁਰੂ ਨੂੰ ਅਰਪ ਦੇਣਾ ਕਰ, ਗੁਰੂ ਨੇ ਕਿਸੇ ਦਾ 'ਤਨ ਮਨ ਧਨ ਕੁਝ ਕਰਨਾ ਸਿਰਫ ਸਿੱਖ ਦੇ ਭਲੇ ਲਈ ਉਸ ਦੇ ਹੰਕਾਰ ਨੂੰ ਮੇਟਣ ਲਈ ਐਸਾ ਹੁਕਮ ਕੀਤਾ ਹੈ ਔਰ ਗਿਆਨ ਦਿੱਤਾ ਹੈ। ਤਨ=ਸਰੀਰ ਪੰਜਾਂ ਤੱਤਾਂ ਦਾ ਬਨਿਆ ਹੋਇਆ ਹੈ ਹੰਗਤਾ ਦੇ ਕਾਰਣ ਆਪਣਾ ਮੇਰਾ ਦਿਸ ਰਿਹਾ ਹੈ ਸਰੀਰ ਸੁਆਸ ਪੂਰੇ ਹੋਣ ਤੋਂ ਬਾਅਦ ਤੱਤਾਂ ਦਾ ਰੂਪ ਹੋ ਜਾਵੇਗਾ ਇਸ ਕਰਕੇ ਸਰੀਰ ਤਿਆਗਣ ਤੋਂ ਪਹਿਲਾਂ ਹੀ ਵਿਚ ਰਹਿੰਦਿਆਂ ਤਨ ਹੰਗਤਾ ਦਾ ਤਿਆਗ ਕਰਕੇ ਜੋ ਸ੍ਰਿਸ਼ਟੀ ਦਾ ਮਾਲਕ ਹੈ ਉਸਦੇ

PDF created with pdfFactory Pro trial version www.pdffactory.com

ਹੁਕਮ ਨੂੰ ਗੁਰ ਸ਼ਬਦ ਦੀ ਕਮਾਈ ਕਰਕੇ ਜਾਣ ਲੈਂਦਾ ਹੈ ਅਤੇ ਤਨ, ਮਨ, ਧਨ ਸਾਰੇ ਉਸ ਵਾਹਿਗੁਰੂ ਦਾ ਇਕ ਖੇਲ ਸਮਝਦਾ ਹੈ। ਇਹ ਸਾਰਾ ਸੰਸਾਰ ਉਸ ਦੀ ਇਕ ਖੇਡ ਹੈ ਤੇ ਉਹ ਸਾਰੇ ਜੀਵਾਂ ਨੂੰ ਖਿਡਾ ਰਿਹਾ ਹੈ ਗੁਰਬਾਣੀ ਵਿਚ ਸਤਿਗੁਰੂ ਜੀ ਨੇ ਧਨ ਨੂੰ ਇਕ ਖੇਲ ਕਥਨ ਕੀਤਾ ਹੈ।

ਯਥਾ— **ਇਹੁ ਧਨੁ ਕਰਤੇ ਕਾ ਖੇਲੁ ਹੈ ਕਦੇ ਆਵੈ ਕਦੇ ਜਾਇ ॥** [ਵਾਰ ਮਲਾਰ ਮਃ ੩, ਅੰਗ ੧੨੮੨]

ਮਨ ਇਹ ਭੀ ਪੰਜੇ ਤਤਾਂ ਦੀ ਸਤੋ ਮਈ ਅੰਸ ਤੋਂ ਪੈਦਾ ਹੋਇਆ ਹੈ।

**ਇਹੁ ਮਨੁ ਕਰਮਾ ਇਹੁ ਮਨੁ ਧਰਮਾ ॥ ਇਹੁ ਮਨੁ ਪੰਚ ਤਤੁ ਤੇ ਜਨਮਾ ॥** [ਆਸਾ ਮਃ ੧, ਅੰਗ ੪੧੫]

ਇਸ ਕਥਨ ਅਨੁਸਾਰ ਮਨ ਤਤਾਂ ਦੀ ਪਦਾਇਸ਼ ਹੈ, ਮਾਇਆ ਰੂਪ ਹੈ, ਇਸ ਲਈ ਇਸ ਦਾ ਸੁਭਾਵ ਵੀ ਮਾਇਆ ਨਾਲ ਮਿਲਦਾ ਹੈ ਮਾਇਆ ਚੰਚਲ ਹੈ ਤੇ ਮਨ ਵੀ ਚੰਚਲ ਹੈ ਜਦੋਂ ਮਨ ਹਉਮੈ ਦਾ ਤਿਆਗ ਕਰ ਦੇਵੇ ਬਾਕੀ ਸ਼ੁਧ ਸਰੂਪ ਤੂੰ ਜੋ ਆਤਮਾ ਹੈ ਉਸ ਮੂਲ ਨੂੰ ਜੀਵ ਪਹਿਚਾਨ ਲਵੇਗਾ।

**ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥** [ਆਸਾ ਮਃ ੩, ਅੰਗ ੪੪੧]

ਤਨ ਹੰਗਤਾ ਨਾਸ ਹੋਈ ਤੋਂ ਸਰੀਰ ਪ੍ਰਮੇਸ਼ਰ ਦਾ ਲਗੇਗਾ, ਧਨ ਹੰਗਤਾ ਨਾਸ ਹੋਈ ਤੋਂ ਧਨ ਪ੍ਰਮੇਸ਼ਰ ਦਾ ਦਿਸੇਗਾ ਇਸ ਲਈ ਸਤਿਗੁਰੂ ਜੀ ਇਹ ਉਪਦੇਸ਼ ਦੇਂਦੇ ਹਨ।

ਯਥਾ— **੧. ਤਨੁ ਧਨੁ ਤੇਰਾ ਤੂੰ ਪ੍ਰਭੁ ਮੇਰਾ ਹਮਰੈ ਵਸਿ ਕਿਛੁ ਨਾਹਿ ॥** [ਆਸਾ ਮਃ ੫, ਅੰਗ ੪੦੬]

**੨. ਤਨੁ ਧਨੁ ਪ੍ਰਭ ਕਾ ਪ੍ਰਭ ਕੀ ਜਿੰਦੁ ॥** [ਗੋਂਡ ਮਃ ੫, ਅੰਗ ੮੬੬]

ਇਨ੍ਹਾਂ ਪ੍ਰਮਾਣਾਂ ਤੋਂ ਸਿਧ ਹੈ ਕਿ ਤਨ ਮਨ ਤੇ ਧਨ ਉਸ ਵਾਹਿਗੁਰੂ ਦਾ ਹੈ ਉਸ ਦਾ ਗਿਆਨ ਸਿੱਖ ਨੂੰ ਗੁਰੂ ਜੀ ਕਰਵਾ ਰਹੇ ਹਨ ਔਰ ਅਗੇ ਦਸਦੇ ਹਨ।

## *ਤਿਨ ਹੀ ਸੁਣਿਆ ਦੁਖੁ ਸੁਖੁ ਮੇਰਾ ਤਉ ਬਿਧਿ ਨੀਕੀ ਖਟਾਨੀ ॥੧॥*

ਤਿਨ=ਤਿਸ ਵਾਹਿਗੁਰੂ ਨੇ ਮੇਰਾ ਦੁਖ ਸੁਖ ਸੁਣਿਆ ਹੈ। ਅਥਵਾ=ਦੁਖ ਨਵਿਰਤੀ ਅਤੇ ਸੁਖ ਪ੍ਰਾਪਤੀ ਦਾ ਸੰਕਲਪ ਉਸ ਵਾਹਿਗੁਰੂ ਨੇ ਹੀ ਸੁਣਿਆ ਹੈ। ਦੁਖ ਸੰਬੰਧੀਆਂ ਜਾਂ ਪਦਾਰਥਾਂ ਦੇ ਵਿਛੜਨ ਦਾ ਅਥਵਾ ਜੰਮਣ ਮਰਨ ਦਾ, ਜਮਾਂ ਦੀ ਮਾਰ ਦਾ, ਭੁੱਖ ਦਾ, ਅਨੇਕਾਂ ਪ੍ਰਕਾਰ ਦਾ ਦੁਖ ਸੁਣ ਕੇ ਸੁਖ ਬਖਸ਼ਣ ਵਾਲਾ ਹੈ। ਉਸੇ ਪਾਸ ਹੀ ਅਰਦਾਸ ਕਰਨੀ ਚਾਹੀਦੀ ਹੈ।

ਯਥਾ— **ਦੂਖ ਤਿਸੈ ਪਹਿ ਆਖੀਅਹਿ ਸੂਖ ਜਿਸੈ ਹੀ ਪਾਸਿ ॥** [ਸਿਰੀਰਾਗੁ ਮਃ ੧, ਅੰਗ ੧੬]

ਸੁਖ ਸਰੂਪ ਕੇਵਲ ਵਾਹਿਗੁਰੂ ਹੈ। ਵੱਡੇ-ਵੱਡੇ ਸਮਰਾਟ ਦੁੱਖ ਵਿਚ ਵਿਲਕਦੇ ਦੇਖ ਕੇ ਸਤਿਗੁਰੂ ਜੀ ਉਚਾਰਨ ਕਰਦੇ ਹਨ।

ਯਥਾ— **ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥** [ਗਉੜੀ ਸੁਖਮਨੀ ਮਃ ੫, ਅੰਗ ੨੬੪]

## *ਤਉ ਬਿਧਿ ਨੀਕੀ ਖਟਾਨੀ ॥੧॥*

ਤਉ=ਤਦੇ ਹੀ ਬਿਧਿ=ਜੁਗਤੀ, ਨੀਕੀ=ਸੁੰਦਰ, ਚੰਗੀ ਖਟਾਨੀ=ਮਿਲੀ ਹੈ ਭਾਵ ਪ੍ਰਾਪਤ ਹੋਈ ਹੈ।

## *ਜੀਅ ਕੀ ਏਕੈ ਹੀ ਪਹਿ ਮਾਨੀ ॥*

ਜੀਵ ਦੀ ਕੀਤੀ ਹੋਈ ਅਰਦਾਸ ਬੇਨਤੀ ਇਕ ਪ੍ਰਭੂ ਪਾਸ ਹੀ ਮੰਨ ਹੁੰਦੀ ਹੈ। ਪ੍ਰਮਾਤਮਾ ਨੂੰ ਛੱਡ ਕੇ ਇਹ

PDF created with pdfFactory Pro trial version www.pdffactory.com

ਬੇਨਤੀਆਂ ਹੋਰ ਦੇਵੀ ਦੇਵਤਿਆਂ ਜਾਂ ਅਗਿਆਨੀ, ਮਨਮੱਤੀਏ, ਦੇਹ ਧਾਰੀਆਂ ਅੱਗੇ ਕਰੀਏ ਤਾਂ ਸਫਲੀਆਂ ਨਹੀਂ ਹੋਣਗੀਆਂ ਕਿਉਂਕਿ ਉਹ ਆਪ ਦੁਖੀ ਹਨ।

ਯਥਾ— **੧. ਜੇ ਅਪਨੀ ਬਿਰਥਾ ਕਹਹੁ ਅਵਰਾ ਪਹਿ**
**ਤਾ ਆਗੈ ਅਪਨੀ ਬਿਰਥਾ ਬਹੁ ਬਹੁਤੁ ਕਢਾਸਾ ॥** [ਗੋਂਡ ਮਃ ੪, ਅੰਗ ੮੬੦]

ਇਸ ਲਈ ਅਰਦਾਸ ਪ੍ਰਮੇਸ਼ਰ ਜਾਂ ਪੂਰੇ ਗਰੂ ਅੱਗੇ ਹੀ ਮੰਨੀ ਜਾਂਦੀ ਹੈ।

**੨. ਅਰਦਾਸਿ ਕਰੀ ਗੁਰ ਪੂਰੇ ਆਗੈ ਰਖਿ ਲੇਵਹੁ ਦੇਹੁ ਵਡਾਈ ਰਾਮ ॥** [ਵਡਹੰਸ ਮਃ ੩, ਅੰਗ ੫੭੧]

**੩. ਅਰਦਾਸਿ ਸੁਣੀ ਦਾਤਾਰਿ ਪ੍ਰਭਿ ਹੋਏ ਕਿਰਪਾਲ ॥** [ਬਿਲਾਵਲੁ ਮਃ ੫, ਅੰਗ ੮੧੮]

ਪ੍ਰਮਾਤਮਾ ਦੇ ਨਾਮ ਤੋਂ ਬਿਨਾਂ

## *ਅਵਰਿ ਜਤਨ ਕਰਿ ਰਹੇ ਬਹੁਤੇਰੇ*
## *ਤਿਨ ਤਿਲੁ ਨਹੀ ਕੀਮਤਿ ਜਾਨੀ ॥ ਰਹਾਉ ॥*

ਅਵਰਿ=ਹੋਰ ਜਤਨ=ਤਰੀਕੇ ਬਹੁਤੇਰੇ=ਬਹੁਤ ਕਿਸਮ ਦੇ ਕਰ ਰਹੇ ਹਨ ਪਰ ਉਹਨਾਂ ਨੇ ਤਿਲ=ਥੋੜ੍ਹੇ ਮਾਤਰ ਵਾਹਿਗੁਰੂ ਦੀ ਪ੍ਰਾਪਤੀ ਰੂਪ ਕੀਮਤ ਨਹੀਂ ਜਾਣੀ ਹੈ।

ਯਥਾ— **੧. ਗਿਆਨੀ ਧਿਆਨੀ ਗੁਰ ਗੁਰਹਾਈ ॥**
**ਕਹਣੁ ਨ ਜਾਈ ਤੇਰੀ ਤਿਲੁ ਵਡਿਆਈ ॥** [ਆਸਾ ਮਃ ੧, ਅੰਗ ੯]

**੨. ਸਾਈ ਨਾਮੁ ਅਮੋਲੁ ਕੀਮ ਨ ਕੋਈ ਜਾਣਦੋ ॥** [ਸਿਰੀਰਾਗ ਮਃ ੫, ਅੰਗ ੮੧]

ਅਵਰ ਜਤਨ ਤੋਂ ਭਾਵ ਹੋਰ ਤਰੀਕੇ ਜੋਗ ਮੱਤ ਆਦਿ ਦੇ ਨੇਤੀ, ਧੋਤੀ, ਨਿਉਲੀ ਕਰਮ, ਪ੍ਰਾਣਾਯਾਮ ਆਦਿ ਐਸੇ ਅਨੇਕਾਂ ਜਤਨ ਨਾਮ ਨੂੰ ਤਿਆਗ ਕੇ ਜਿਨ੍ਹਾਂ ਨੇ ਕੀਤੇ, ਤਿਲ-ਮਾਤਰ ਵੀ ਪ੍ਰਮਾਤਮਾ ਦੀ ਪ੍ਰਾਪਤੀ ਰੂਪ ਕੀਮਤ ਨਹੀਂ ਜਾਣੀ।

ਯਥਾ— **ਨਿਵਲੀ ਕਰਮ ਭੁਅੰਗਮ ਭਾਠੀ ਰੇਚਕ ਪੂਰਕ ਕੁੰਭ ਕਰੈ ॥**
**ਬਿਨੁ ਸਤਿਗੁਰ ਕਿਛੁ ਸੋਝੀ ਨਾਹੀ ਭਰਮੇ ਭੂਲਾ ਬੂਡਿ ਮਰੈ ॥** [ਪ੍ਰਭਾਤੀ ਮਃ ੧, ਅੰਗ ੧੩੪੩]

## *ਅੰਮ੍ਰਿਤ ਨਾਮੁ ਨਿਰਮੋਲਕੁ ਹੀਰਾ ਗੁਰਿ ਦੀਨੋ ਮੰਤਾਨੀ ॥*

ਵਾਹਿਗੁਰੂ ਦਾ ਨਾਮ ਅੰਮ੍ਰਿਤ ਇਕ ਨਿਰਮੋਲਕ=ਮੁਲ ਤੋਂ ਰਹਿਤ ਹੀਰਾ ਹੈ ਗੁਰਾਂ ਨੇ ਮੈਨੂੰ ਓਹੀ ਮੰਤਾਨੀ=ਮੰਤ੍ਰ ਦਿੱਤਾ ਹੈ।

ਯਥਾ— **੧. ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ ॥**
**ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ ॥** [ਗਉੜੀ ਸੁਖ: ਮਃ ੫, ਅੰਗ ੨੬੫]

**੨. ਨਾਮੁ ਅਮੋਲਕੁ ਅਗਮ ਅਪਾਰਾ ॥ ਨਾ ਕੋ ਹੋਆ ਤੋਲਣਹਾਰਾ ॥** [ਮਾਰੂ ਮਃ ੩, ਅੰਗ ੧੦੬੭]

ਨਾਮ ਜੋ ਅਮੋਲਕ ਹੀਰਾ ਹੈ ਇਹ ਆਪਣੇ ਆਪ ਪ੍ਰਾਪਤ ਨਹੀਂ ਹੁੰਦਾ ਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦਾ ਹੈ।

**ਨਾਮੁ ਅਮੋਲਕੁ ਨ ਪਾਇਆ ਜਾਇ ॥ ਗੁਰ ਪਰਸਾਦਿ ਵਸੈ ਮਨਿ ਆਇ ॥** [ਧਨਾਸਰੀ ਮਃ ੩, ਅੰਗ ੬੬੩]

**ਹਰਿ ਹਰਿ ਨਾਮੁ ਅਪਾਰ ਅਮੋਲਾ ਅੰਮ੍ਰਿਤੁ ਏਕੁ ਨਿਧਾਨਾ ॥** [ਧਨਾਸਰੀ ਮਃ ੫, ਅੰਗ ੬੭੨]

ਇਕ ਕਿਸੇ ਨਗਰ ਵਿਚ ਦੋ ਭਰਾ ਸ਼ਾਹੂਕਾਰ ਰਹਿੰਦੇ ਸਨ। ਜਿਨ੍ਹਾਂ ਵਿਚੋਂ ਇਕ ਸੰਤ ਸੇਵੀ ਗੁਰਮੁਖ ਸੁਭਾਅ

PDF created with pdfFactory Pro trial version www.pdffactory.com

ਦਾ ਸੀ ਔਰ ਇਕ ਸਤਸੰਗਤ ਸੰਸਕਾਰ ਤੋਂ ਰਹਿਤ ਨਾਸਤਕ, ਮਾਇਆ ਦਾ ਹੰਕਾਰੀ ਸੀ। ਅਚਨਚੇਤ ਇਸ ਨਗਰ ਵਿਚ ਪੂਰਨ ਮਹਾਂਪੁਰਸ਼ ਆਨ ਪਹੁੰਚੇ ਜਿਨ੍ਹਾਂ ਦੇ ਨਾਲ ਕੁਝ ਗਿਆਨ ਪ੍ਰਾਪਤ ਕਰਨ ਲਈ ਵਿਰੱਕਤ ਸਾਧੂ ਵੀ ਸਨ। ਇਸ ਨਗਰ ਦੇ ਲੋਕਾਂ ਨੇ ਬੇਨਤੀ ਕਰਕੇ ਮਹਾਂਪੁਰਸ਼ਾਂ ਨੂੰ ਕੁਝ ਦਿਨਾਂ ਲਈ ਠਹਿਰਾ ਲਿਆ। ਮਹਾਂਪੁਰਸ਼ਾਂ ਨੇ ਆਪਣੇ ਪਰਉਪਕਾਰੀ ਸੁਭਾਅ ਅਨੁਸਾਰ ਲੋਕਾਂ ਨੂੰ ਪ੍ਰਮਾਤਮਾ ਦੇ ਪਿਆਰ ਨਾਲ ਜੋੜਨ ਲਈ ਦੋ ਵੇਲੇ ਸਤਸੰਗਤ ਆਰੰਭ ਕਰ ਦਿੱਤੀ। ਮਹਾਂਪੁਰਸ਼ਾਂ ਦੇ ਵਚਨਾਂ ਦਾ ਇਤਨਾਂ ਪ੍ਰਭਾਵ ਹੋਇਆ ਕਿ ਨਗਰ ਦੇ ਸਾਰੇ ਲੋਕ ਸਤਸੰਗ ਵਿਚ ਜੁੜਨ ਲੱਗੇ ਤੇ ਸੰਤ ਮੰਡਲੀ ਦੇ ਚਰਨ ਆਪਣੇ ਘਰਾਂ ਵਿਚ ਪੁਆਉਣ ਲੱਗੇ ਤੇ ਅਪਣਾ ਅੰਨ ਧਨ ਸਫਲ ਕਰਨ ਲੱਗੇ। ਇਹ ਦੋਵੇਂ ਸ਼ਾਹੂਕਾਰ ਭਰਾਵਾਂ ਵਿਚੋਂ ਜੋ ਗੁਰਮੁਖ ਸੁਭਾਅ ਦਾ ਸੀ ਇਹ ਵੀ ਲੋਕਾਂ ਦੇ ਕਹਿਣ ਤੋਂ ਸਤਸੰਗੀ ਬਣ ਗਿਆ ਜਦੋਂ ਦੂਸਰੇ ਭਰਾ ਨੂੰ ਲੋਕਾਂ ਨੇ ਤੇ ਇਸ ਦੇ ਹੀ ਭਰਾ ਨੇ ਹੀ ਪ੍ਰੇਰਨਾ ਕੀਤੀ ਤਾਂ ਬਹੁਤ ਭੈੜੇ ਵਚਨ ਬੋਲਿਆ ਅਤੇ ਕਹਿਣ ਲੱਗਾ ਕਿ ਇਹੋ ਜਿਹੇ ਲੋਕਾਂ ਦੇ ਵਿਹਲੜ ਟੋਲੇ ਅਨੇਕਾਂ ਤੁਰੇ ਫਿਰਦੇ ਹਨ। ਕੁਝ ਸਮੇਂ ਤੋਂ ਬਾਅਦ ਲੋਕਾਂ ਦੀ ਰੀਸ ਇਸ ਨਾਸਤਕ ਦੇ ਦੂਸਰੇ ਭਰਾ ਜੋ ਸਤਸੰਗੀ ਬਣ ਗਿਆ ਸੀ ਉਸਨੇ ਮਹਾਂਪੁਰਸ਼ਾਂ ਨੂੰ ਨਿਉਂਦਾ ਦੇ ਦਿੱਤਾ। ਭੋਜਨ ਛੱਕਣ ਤੋਂ ਉਪਰੰਤ ਮਹਾਂਪੁਰਸ਼ਾਂ ਨੇ ਆਪਣੇ ਪਰਉਪਕਾਰੀ ਸੁਭਾਅ ਅਨੁਸਾਰ ਪੁਛਿਆ ਕਿ ਭਾਈ ਸਾਰਾ ਪਰਿਵਾਰ ਸਤਸੰਗ ਵਿਚ ਹਾਜ਼ਰ ਹੁੰਦਾ ਹੈ ਕਿ ਨਹੀਂ ਔਰ ਤੇਰਾ ਦੂਸਰਾ ਭਰਾ ਕਿਥੇ ਹੈ ? ਜੋ ਕਦੇ ਵੀ ਸਤਸੰਗ ਵਿਚ ਨਹੀਂ ਦੇਖਿਆ ਤਾਂ ਇਸ ਗੁਰਮੁਖ ਨੇ ਦੱਸਿਆ ਕਿ ਮਹਾਂਪੁਰਸ਼ੋ ਉਹ ਤਾਂ ਮੈਨੂੰ ਵੀ ਸਤਸੰਗ ਵਿਚ ਜਾਣ ਤੋਂ ਰੋਕਦਾ ਹੈ ਉਹ ਤਾਂ ਤੁਹਾਡੇ ਘਰ ਲਿਆਉਣ ਤੋਂ ਸਖਤ ਨਿਰਾਜ਼ ਹੋ ਕੇ ਇਕ ਕਮਰੇ ਵਿਚ ਕੁੰਡਾ ਲਾ ਕੇ ਬੈਠਾ ਹੈ। ਮਹਾਂਪੁਰਸ਼ ਉਸ ਕਮਰੇ ਦੇ ਬੂਹੇ ਦੇ ਅੱਗੇ ਜਾ ਕੇ ਕਹਿਣ ਲੱਗੇ ਭਾਈ ਤੂੰ ਐਸਾ ਕਿਉਂ ਕਰਦਾ ਹੈਂ ਉਸ ਨੇ ਗੁੱਸੇ ਵਿਚ ਆ ਕੇ ਕਿਹਾ ਕਿ ਜਦੋਂ ਮੈਂ ਤੁਹਾਡੇ ਮਿਲਣ ਦੀ ਲੋੜ ਨਹੀਂ ਰੱਖਦਾ ਮੈਨੂੰ ਕਿਉਂ ਤੰਗ ਕਰ ਰਹੇ ਹੋ। ਮਹਾਂਪੁਰਸ਼ਾਂ ਨੇ ਕਿਹਾ ਤੈਨੂੰ ਤੰਗ ਨਹੀਂ ਸੌਖਾ ਕਰਨ ਲਈ ਇਹ ਦੱਸਣ ਆਏ ਹਾਂ ਕਿ ਰਾਮ ਦਾ ਨਾਮ ਲਿਆ ਕਰ ਉਹਨੇ ਅੱਗੋਂ ਗੁੱਸੇ ਵਿਚ ਭਰੇ ਭਰਾਏ ਨੇ ਰਾਮ ਨੂੰ ਗਾਲ ਕੱਢ ਕੇ ਕਿਹਾ ਕਿ ਨਹੀਂ ਉਸ ਦਾ ਨਾਮ ਲਵਾਂਗਾ ਤਾਂ ਮਹਾਂਪੁਰਸ਼ਾਂ ਨੇ ਕਿਹਾ ਕੁਝ ਦਿਨਾਂ ਤੋਂ ਬਾਅਦ ਤੇਰੀ ਮੌਤ ਹੋ ਜਾਇਗੀ ਸਾਡਾ ਇਕ ਵਚਨ ਚੇਤੇ ਰੱਖੀਂ ਕਿ ਜਦੋਂ ਪ੍ਰਲੋਕ ਵਿਚ ਤੇਰਾ ਹਿਸਾਬ ਹੋਵੇਗਾ ਤਾਂ ਸਾਰੀ ਜ਼ਿੰਦਗੀ ਦੇ ਪਾਪ ਹੀ ਪਾਪ ਨਿਕਲਗੇ ਪਰ ਅੱਜ ਦੀ ਆਹ ਅੱਧੀ ਘੜੀ ਸਤਪੁਰਸ਼ਾਂ ਦੇ ਸਤਸੰਗ ਦਾ ਮਹਾਤਮ ਤੇ ਇਕ ਵਾਰ ਰਾਮ ਕਹਿਣ ਦਾ ਫਲ ਦੇਣ ਲਈ ਜਦੋਂ ਧਰਮਰਾਜ ਪੁਛੇ ਤਾਂ ਤੂੰ ਕਹਿਣਾ ਕਿ ਮੈਂ ਇਸ ਦਾ ਮਹਾਤਮ ਨਹੀਂ ਮੁਲ ਲੈਣਾ ਹੈ। ਐਸਾ ਹੀ ਹੋਇਆ ਜਦੋਂ ਮਰ ਕੇ ਇਹ ਪ੍ਰਲੋਕ ਪਹੁੰਚਿਆ ਤਾਂ ਧਰਮਰਾਜ ਨੇ ਪੁਛਿਆ ਹੋਰ ਤਾਂ ਤੂੰ ਪਾਪ ਹੀ ਪਾਪ ਕੀਤੇ ਹਨ ਇਕ ਵਾਰ ਤੂੰ ਨਫਰਤ ਨਾਲ ਗਾਲ ਕੱਢ ਕੇ ਰਾਮ ਕਿਹਾ ਹੈ। ਉਸ ਦਾ ਮਹਾਤਮ ਤੈਨੂੰ ਮਿਲੇਗਾ ਤਾਂ ਇਸ ਪੁਰਸ਼ ਨੂੰ ਸੰਤਾਂ ਦਾ ਕੀਤਾ ਵਚਨ ਚੇਤੇ ਆ ਗਿਆ ਤੇ ਇਸ ਪੁਰਸ਼ ਨੇ ਕਿਹਾ ਕਿ ਮਹਾਤਮ ਨਹੀਂ ? ਮੁੱਲ ਦਿਉ, ਧਰਮਰਾਜ ਸੋਚੀਂ ਪੈ ਗਿਆ, ਜਦੋਂ ਆਪ ਕਿਸੇ ਸਿੱਟੇ ਤੇ ਨਾ ਪਹੁੰਚ ਸਕਿਆ ਤਾਂ ਬ੍ਰਹਮਾ ਜੀ ਦੀ ਸਹਾਇਤਾ ਮੰਗੀ ਬ੍ਰਹਮਾ ਜੀ ਨੇ ਸ਼ਿਵਜੀ ਨੂੰ ਬੁਲਾਇਆ ਤਾਂ ਜਦੋਂ ਤਿੰਨੇ ਮਿਲ ਕੇ ਫੈਸਲਾ ਨਾ ਕਰ ਸਕੇ ਤਾਂ ਤਿੰਨੇ ਮਿਲਕੇ ਵਿਸ਼ਨੂੰ ਜੀ ਕੋਲ ਪਹੁੰਚੇ, ਵਿਸ਼ਨੂੰ ਜੀ ਨੇ ਕਿਹਾ ਇਥੇ ਮੇਰੇ ਕੋਲ ਬੈਕੁੰਠ ਵਿਚ ਛੱਡ ਦੇਵੋ। ਛੱਡ ਕੇ ਜਦੋਂ ਵਾਪਸ ਮੁੜੇ ਰਸਤੇ ਵਿਚ ਨਾਰਦ ਜੀ ਮਿਲੇ ਸਾਰੀ ਵਾਰਤਾ ਸੁਣਕੇ ਨਾਰਦ ਨੇ ਕਿਹਾ ਕੱਲ ਨੂੰ ਕੋਈ ਹੋਰ ਮੁੱਲ ਮੰਗੇਗਾ, ਇਸ ਦਾ ਨਿਰਨਾ ਕੀ ਹੋਇਆ ਕਿ ਰਾਮ ਦੇ ਨਾਮ ਦਾ ਮੁੱਲ ਕੀ ਹੈ ਨਿਰਣਾ ਕਰਨ ਲਈ ਮੁੜ ਕੇ ਫਿਰ ਭਗਵਾਨ ਵਿਸ਼ਨੂੰ ਕੋਲ ਪਹੁੰਚੇ ਤਾਂ ਭਗਵਾਨ ਜੀ ਨੇ ਕਿਹਾ ਇਸ ਦਾ ਮੁੱਲ ਹੈ ਬੈਕੁੰਠ ਦੀ ਪ੍ਰਾਪਤੀ। ਇਸ ਲਈ ਸਤਿਗੁਰਾਂ ਨੇ ਨਾਮ ਅੰਮ੍ਰਿਤ ਨੂੰ ਅਮੋਲਕ ਦੱਸਿਆ ਹੈ।

## ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ ਪੂਰਨ ਹੋਇ ਤ੍ਰਿਪਤਾਨੀ ॥੨॥

ਜਿਸ ਦੇ ਹਿਰਦੇ ਵਿਚ ਨਾਮ ਦ੍ਰਿੜ=ਪੱਕਾ ਹੋ ਗਿਆ ਹੈ ਉਸ ਦਾ ਮਨ ਸੰਸਾਰ ਵਾਲੇ ਪਾਸੇ ਡਿੱਗਦਾ ਨਹੀਂ ਨਾ ਹੀ ਸੰਸਾਰ ਵਾਲੇ ਪਾਸੇ ਡੋਲਦਾ ਹੈ। ਜੋ ਵੀ ਨਾਮ ਵਿਚ ਆਪਣੇ ਮਨ ਨੂੰ ਪੱਕਾ ਕਰਕੇ ਰਹਿ ਰਿਹਾ ਹੈ ਉਸ

PDF created with pdfFactory Pro trial version www.pdffactory.com

ਦਾ ਮਨ ਸ਼ੁਭ ਗੁਣਾਂ ਨਾਲ ਪੂਰਨ ਹੋ ਕੇ ਤ੍ਰਿਪਤ ਹੋ ਗਿਆ ਹੈ ਅਥਵਾ ਪੂਰਨ ਰੂਪ ਪ੍ਰਮਾਤਮਾ ਨੂੰ ਪਾ ਕੇ ਬੁੱਧੀ ਤ੍ਰਿਪਤ ਹੋਈ ਹੈ।

### ਓਇ ਜੁ ਬੀਚ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ ॥

ਅੰਤਹਕਰਨ ਦੇ ਬੀਚ=ਵਿਚ ਭੇਦ ਪਾਉਣ ਵਾਲੇ ਹਮ ਤੁਮ=ਮੈਂ ਅਰ ਤੂੰ ਦੇ ਕੁਝ ਵਿਕਾਰ ਜੋ ਹੁੰਦੇ ਸਨ ਉਹਨਾਂ ਦੀ ਬਾਤ=ਗੱਲ ਹੀ ਦੂਰ ਹੋ ਗਈ।

### ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ ॥੩॥

ਜਿਸ ਪ੍ਰਕਾਰ ਅਲੰਕਾਰ=ਗਹਿਣੇ ਕੁਠਾਲੀ ਵਿਚ ਢਲ ਕੇ ਇਕ ਦੂਜੇ ਵਿਚ ਮਿਲ ਜਾਂਦੇ ਹਨ ਭਾਵ ਇਕ ਡਲੀ ਬਣ ਜਾਂਦੇ ਹਨ ਤਾਂ ਉਸਨੂੰ ਸੋਨਾ ਹੀ ਕਥਨ ਕਰੀਦਾ ਹੈ ਇਸੇ ਤਰ੍ਹਾਂ ਜੀਵਾਂ ਰੂਪ ਗਹਿਣੇ ਮਿਲਕੇ ਭਾਵ ਸਾਧਨਾ ਰੂਪੀ, ਵਾ-ਭਗਤੀ ਰੂਪ ਕੁਠਾਲੀ ਵਿਚ ਜਪ ਤਪ ਵਾ ਬ੍ਰਹਮ ਦ੍ਰਿਸ਼ਟੀ ਰੂਪ ਅੱਗ ਦੇ ਨਾਲ ਗਲਕੇ ਇੱਕ ਹੋ ਗਏ ਭਾਵ ਜੀਵ ਈਸ਼ਵਰ ਅਭੇਦ ਹੋ ਗਏ ਤਾਂ ਤੇ ਤਦ ਤੋਂ ਸਤ ਚਿੱਤ ਅਨੰਦ ਰੂਪ ਸੋਨਾ ਹੀ ਕਥਨ ਕਰੀਦਾ ਹੈ।

### ਪ੍ਰਗਟਿਓ ਜੋਤਿ ਸਹਜ ਸੁਖ ਸੋਭਾ ਬਾਜੇ ਅਨਹਤ ਬਾਨੀ ॥

ਜੋਤਿ=ਜੋਤੀ ਪ੍ਰਮਾਤਮਾ ਦੇ ਪ੍ਰਗਟਿਓ=ਸਖਿਆਤਾ ਭਾਵ ਪ੍ਰਤੱਖ ਹੋਣ ਕਰਕੇ ਸਹਜੇ ਸੁਖ ਤੇ ਸੋਭਾ ਪ੍ਰਾਪਤ ਹੋਈ ਹੈ ਇਕ ਰਸ ਮਹਾਂਵਾਕਾਂ ਰੂਪੀ ਵਾਜੇ ਵੱਜੇ ਹਨ, ਵਾ-ਇਕ ਰਸ ਗੁਰ ਉਪਦੇਸ਼ ਰੂਪੀ ਬਾਣੀ ਨੂੰ ਬਾਜੇ=ਉਚਾਰਿਆ ਤਾਂ ਜੋਤੀ=ਪ੍ਰਮਾਤਮਾ ਪ੍ਰਗਟਿਆ, ਉਸ ਦੇ ਪ੍ਰਗਟ ਹੋਣ ਕਰਕੇ ਸੁੱਤੇ ਸਿਧ ਹੀ ਸੁਖ ਤੇ ਸੋਭਾ ਪ੍ਰਾਪਤ ਹੋ ਗਈ।

### ਕਹੁ ਨਾਨਕ ਨਿਹਚਲ ਘਰੁ ਬਾਧਿਓ ਗੁਰਿ ਕੀਓ ਬੰਧਾਨੀ ॥੪॥੫॥

ਸਤਿਗੁਰੂ ਜੀ ਕਥਨ ਕਰਦੇ ਹਨ ਨਿਹਚਲ-ਅਚੱਲ ਸਰੂਪ ਵਿਚ ਪ੍ਰਾਪਤੀ ਰੂਪ ਘਰ ਬੰਨਿਆ ਹੈ ਇਹ ਘਰ ਆਪ ਨਹੀਂ ਗੁਰੂ ਜੀ ਨੇ ਮੇਰੇ ਪਾਸੋਂ ਬੰਧਾਨੀ=ਬੰਨ੍ਹਾਉਣਾ ਕੀਤਾ ਹੈ।

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

PDF created with pdfFactory Pro trial version www.pdffactory.com